

See The Possibilities

**ਅੱਖ ਦੀਆਂ ਪੰਜ ਵੱਡੀਆਂ ਗੰਭੀਰ ਸਥਤਿੀਆਂ**

# ਗਲੌਕੋਮਾ


ਗਲੌਕੋਮਾ, ਅੱਖਅੱਖ ਦੀਆਂ ਨਸਾਂ ਦੇ ਖਰਾਬ ਹੋਣ ਨਾਲ ਹੋਣ ਵਾਲੀ ਇੱਕ ਅੱਖ ਦੀ ਬਮਿਾਰੀ ਹੈ, ਜਸਿ ਨਾਲ ਵਅਿਕਤੀ ਦੀ ਨਜ਼ਰ ਦੇ ਖੇਤਰ ਵੱਿਚ ਨਜ਼ਰ ਨੂੰ ਰੋਕਣ ਵਾਲੇ ਧੱਬੇ ਬਣ ਜਾਂਦੇ ਹਨ ਜਾਂ ਪੂਰੀ ਤਰ੍ਹਾਂ ਨਜ਼ਰ ਦਾ ਨਾਸ ਹੋ ਜਾਂਦਾ ਹੈ।

## ਗਲੌਕੋਮਾ ਕੀ ਹੈ?

ਗਲੌਕੋਮਾ ਅੱਖ ਦੀਆਂ ਨਸਾਂ ਦੀ ਇੱਕ ਬਮਿਾਰੀ ਹੈ। ਇਹ ਅੱਖ ਦੀ ਨਸ ਤੁਹਾਡੇ ਦੇਖੇ ਗਏ ਪ੍ਰਤਬਿੰਿਬ ਨੂੰ ਅੱਖ ਤੋਂ ਦਮਿਾਗ ਤੱਕ ਪਹੁੰਚਾਉਂਦੀ ਹੈ ਅਤੇ ਇਹ ਕਈ ਸਾਰੀਆਂ ਤੰਦਾਂ ਤੋਂ ਬਣੀ ਹੁੰਦੀ ਹੈ (ਜਵਿੇਂ ਕ ਿਇਲੈਕਟ੍ਰਕਿ ਕੇਬਲ ਵੱਿਚ ਕਈ ਸਾਰੀਆਂ ਤਾਰਾਂ ਹੁੰਦੀਆਂ ਹਨ)। ਗਲੌਕੋਮਾ ਅੱਖ ਦੀ ਨਸ ਦੀਆਂ ਤੰਦਾਂ ਨੂੰ ਨੁਕਸਾਨ ਕਰਦੀ ਹੈ, ਜਸਿ ਕਰਕੇ ਨਜ਼ਰ ਨੂੰ ਰੋਕਣ ਵਾਲੇ ਧੱਬੇ ਬਣ ਜਾਂਦੇ ਹਨ ਜਾਂ ਨਜ਼ਰ ਦਾ ਨਾਸ ਹੋ ਜਾਂਦਾ ਹੈ।

ਗਲੌਕੋਮਾ ਆਮਤੌਰ ‘ਤੇ ਅੱਖ ਦੇ ਅੰਦਰ ਬਣਦੇ ਦਬਾਅ ਨਾਮ ਸੰਬੰਧਤਿ ਹੈ, ਜਸਿ ਨੂੰ ਇੰਟ੍ਰਾਓਕਉਿਲਰ ਪ੍ਰੈਸ਼ਰ(IOP) ਕਹਿਾ ਜਾਂਦਾ ਹੈ। ਜਦੋਂ ਅੱਖ ਦਾ ਤਰਲ (ਇੱਕ ਸਾਫ਼ ਤਰਲ ਜੋ ਆਮ ਤੌਰ ‘ਤੇ ਅੱਖਾਂ ਅੰਦਰ ਅਤੇ ਉਸ ਤੋਂ ਬਾਹਰ ਵੱਗਦਾ ਹੈ) ਸਹੀ ਤਰੀਕੇ ਨਾਲ ਬਾਹਰ ਨਹੀਂ ਨਕਿਲਦਾ, ਤਾਂ ਅੱਖ ਅੰਦਰ ਦਬਾਅ ਪੈਦਾ ਹੁੰਦਾ ਹੈ। ਨਤੀਜੇ ਵਜੋਂ ਵਧਆਿ ਹੋਇਆ IOP ਅੱਖ ਦੀਆਂ ਨਸਾਂ ਨੂੰ ਨੁਕਸਾਨ ਕਰਦਾ ਹੈ ਅਤੇ ਇਸ ਨਾਲ ਨਜ਼ਰ ਦਾ ਨਾਸ ਹੁੰਦਾ ਹੈ।

### ਗਲੌਕੋਮਾ




**ਸਧਾਰਨ ਨਜ਼ਰ।**



**ਗਲੌਕੋਮਾ ਕਰਕੇ ਨਜ਼ਰ ਦਾ ਨਾਸ**





# ਗਲੌਕੋਮਾ ਦੇ ਰੂਪ

## ਖੁੱਲੇ ਕੋਣ ਵਾਲਾ ਗਲੌਕੋਮਾ

ਗਲੌਕੋਮਾ ਦਾ ਸਭ ਤੋਂ ਆਮ ਰੂਪ ਮੂਲ ਖੁੱਲੇ ਕੋਣ ਵਾਲਾ ਗਲੌਕੋਮਾ ਹੈ। ਇਸ ਪ੍ਰਕਾਰ ਦੇ ਗਲੌਕੋਮਾ ਵਿੱਚ, ਪਾਣੀ ਵਰਗਾ ਪਦਾਰਥ (ਪਤਲਾ, ਤੁਹਾਡੀ ਅੱਖ ਵਿੱਚ ਪਾਣੀ ਵਰਗਾ ਤਰਲ) ਬਰੀਕ ਨਿਕਾਸ ਦੀਆਂ ਪ੍ਰਣਾਲੀਆਂ ਰਾਹੀਂ ਸਧਾਰਨ ਨਿਕਲਣ ਦੀ ਦਰ 'ਤੇ ਵੀ ਘੱਟ 'ਤੇ ਅੱਖ ਵਿੱਚੋਂ ਨਿਕਲਣਾ ਬੰਦ ਹੋ ਜਾਂਦਾ ਹੈ।

ਮੂਲ ਖੁੱਲੇ ਕੋਣ ਵਾਲੇ ਗਲੌਕੋਮਾ ਦੀ ਬਮਿਾਰੀ ਵਾਲੇ ਜ਼ਿਆਦਾਤਰ ਲੋਕਾਂ ਨੂੰ ਉਦੋਂ ਤੱਕ ਇਸਦੇ ਲੱਛਣਾਂ ਦਾ ਪਤਾ ਨਹੀਂ ਚੱਲਦਾ ਜੱਦ ਤੱਕ ਨਜ਼ਰ ਖ਼ਰਾਬ ਨਹੀਂ ਹੋ ਜਾਂਦੀ।

ਅੱਖ ਵਿੱਚ ਲਹੂ ਦਾ ਉੱਚ ਦਬਾਅ (ਜਾਂ ਅੱਖ ਦਾ ਉੱਚ ਅੰਦਰੂਨੀ ਦਬਾਅ) ਮੁਢਲੇ ਖੁੱਲੇ ਕੋਣ ਵਾਲੇ ਗਲੌਕੋਮਾ ਦੇ ਹੋਣ ਤੋਂ ਅਕਸਰ ਪਹਿਲਾਂ ਹੋਣ ਵਾਲਾ ਸੰਕੇਤ ਹੈ। ਜਦੋਂ ਅੱਖ ਦਾ ਦਬਾਅ ਸਧਾਰਨ ਨਾਲੋਂ ਵੱਧ ਹੁੰਦਾ ਹੈ, ਉਦੋਂ ਗਲੌਕੋਮਾ ਦੇ ਹੋਣ ਦਾ ਖਤਰਾ ਵੱਧ ਜਾਂਦਾ ਹੈ।

## ਬੰਦ-ਕੋਣ ਵਾਲਾ ਗਲੌਕੋਮਾ

ਬੰਦ-ਕੋਣ ਵਾਲੇ ਗਲੌਕੋਮਾ ਵਿੱਚ, ਆਈਰਸਿ (ਪੁਤਲੀ ਭਾਵ ਅੱਖ ਦਾ ਰੰਗਦਾਰ ਭਾਗ) ਨਿਕਾਸ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਬੰਦ ਕਰ ਸਕਦਾ ਹੈ, ਪਾਣੀ ਵਰਗੇ ਤਰਲ ਦੇ ਪ੍ਰਵਾਹ ਨੂੰ ਇਕਦਮ ਰੋਕ ਦਿੰਦਾ ਹੈ ਅਤੇ ਇੰਟ੍ਰਾਓਕਉਿਲਰ ਪ੍ਰੈਸ਼ਰ (IOP) ਵਿੱਚ ਅਚਾਨਕ ਵਾਧਾ ਹੋ ਸਕਦਾ ਹੈ। ਇਸ ਸਥਤਿੀ ਨੂੰ ਇੱਕ ਆਪਾਤਕਾਲ ਮੰਨਿਆ ਜਾਂਦਾ ਹੈ ਕਉਿਂਕ ਇਹ ਸਮੱਸਿਆ ਹੋਣ ਦੇ ਕੁਝ ਘੰਟਿਆਂ ਦੇ ਅੰਦਰ ਹੀ ਅੱਖ ਦੀਆਂ ਨਸਾਂ ਖਰਾਬ ਹੋ ਸਕਦੀਆਂ ਹਨ ਅਤੇ ਨਜ਼ਰ ਦਾ ਨਾਸ ਹੋ ਸਕਦਾ ਹੈ।

ਇਸਦੇ ਲੱਛਣਾਂ ਵਿੱਚ ਜੀ ਕੱਚਾ ਹੋਣਾ, ਉਲਟੀਆਂ, ਰੋਸ਼ਨੀ ਦੇ ਆਲੇ-ਦੁਆਲੇ ਘੇਰੇ ਦਸਿਣਾ, ਅਤੇ ਅੱਖ ਦਾ ਦਰਦ ਸ਼ਾਮਲ ਹੋ ਸਕਦਾ ਹੈ।

## ਸਧਾਰਨ-ਤਣਾਅ ਵਾਲਾ ਗਲੌਕੋਮਾ

ਇੱਥੋਂ ਤੱਕ ਕ ਿਕੁਝ "ਸਧਾਰਨ"IOP ਵਾਲੇ ਲੋਕਾਂ ਨੂੰ ਵੀ ਗਲੌਕੋਮਾ ਤੋਂ ਨਜ਼ਰ ਨਾਸ ਹੋਣ ਦਾ ਅਨੁਭਵ ਹੋ ਸਕਦਾ ਹੈ। ਇਸ ਸਥਤਿੀ ਨੂੰ ਸਧਾਰਨ-ਖਚਿਾਅ ਵਾਲਾ ਗਲੌਕੋਮਾ ਕਹਿਾ ਜਾਂਦਾ ਹੈ।

ਇਸ ਪ੍ਰਕਾਰ ਦੇ ਗਲੌਕੋਮਾ ਵਿੱਚ, ਨਜ਼ਰ ਦੀ ਨਸ ਖਰਾਬ ਹੁੰਦੀ ਹੈ ਭਾਵੇਂ IOP ਨੂੰ ਸਧਾਰਨ ਮੰਨਿਆ ਗਿਆ ਹੈ। ਸਧਾਰਨ-ਤਣਾਅ ਵਾਲੇ ਗਲੌਕੋਮਾ ਨੂੰ ਚੰਗੀ ਤਰ੍ਹਾਂ ਸਮਝਿਆ ਨਹੀਂ ਗਿਆ, ਪਰ IOP ਨੂੰ ਘਟਾਉਣ ਨਾਲ ਇਸ ਤਰ੍ਹਾਂ ਦੇ ਗਲੌਕੋਮਾ ਦੀ ਪ੍ਰਗਤੀ ਹੌਲੀ ਹੁੰਦੀ ਦੇਖੀ ਗਈ ਹੈ।

## ਬਚਪਨ ਦਾ ਗਲੌਕੋਮਾ

ਬਚਪਨ ਦਾ ਗਲੌਕੋਮਾ, ਜੋ ਸ਼ਸ਼ਿੂ ਅਵਸਥਾ ਜਾਂ ਬਚਪਨ ਅਤੇ ਕਸ਼ਿੋਰ ਅਵਸਥਾ ਤੋਂ ਸ਼ੁਰੂ ਹੁੰਦਾ ਹੈ, ਇਹ ਦੁਰਲੱਭ ਹੈ। ਜੇਕਰ ਇਸਦਾ ਇਲਾਜ ਨਾ ਕੀਤਾ ਜਾਵੇ ਤਾਂ ਅੰਧਤਾ ਹੋ ਸਕਦੀ ਹੈ। ਗਲੌਕੋਮਾ ਦੇ ਹੋਰ ਰੂਪਾਂ ਦੀ ਤਰ੍ਹਾਂ ਬਚਪਨ ਦਾ ਗਲੌਕੋਮਾ ਪਰਵਿਾਰਕ ਿਹੋ ਸਕਦਾ ਹੈ।





## ਗਲੌਕੋਮਾ ਪੈਦਾ ਹੋਣ ਦੇ ਜੋਖਮ ਦੇ ਕਾਰਨ ਕਹਿੜੇ ਹਨ?

ਵਧੇ ਹੋਏ ਇੰਟ੍ਰਾਓਕਉਿਲਰ ਪ੍ਰੈਸ਼ਰ (IOP) ਵਾਲੇ ਲੋਕਾਂ ਵਚਿ, ਗਲੌਕੋਮਾ ਦੇ ਪੈਦਾ ਹੋਣ ਨੂੰ ਪ੍ਰਭਾਵਤਿ ਕਰਨ ਵਾਲੇ ਕੁਝ ਜੋਖਮ ਦੇ ਕਾਰਨ ਹੇਠਾਂ ਦਤਿੇ ਹਨ:

- ਤੁਹਾਡਾ IOP ਦਾ ਪੱਧਰ
- ਗਲੌਕੋਮਾ ਹੋਣ ਦਾ ਪਰਵਿਾਰਕਿ ਇਤਹਿਾਸ
- ਤੁਹਾਡੇ ਕੌਰਨਆਿ ਦੀ ਮੋਟਾਈ
- ਅੱਖ ਦੀਆਂ ਨਸਾਂ ਦੇ ਕੁਝ ਖ਼ਾਸ ਹਲਾਤ
- ਜੇ ਤੁਹਾਡੀ ਪਛੋਕੜ ਕਸਿੇ ਖ਼ਾਸ ਇਲਾਕੇ ਦੀ ਜਾਤੀ ਦੀ ਹੈ (ਉਦਾ. ਅਫ਼੍ਰੀਕੀ ਅਮਰੀਕੀ, ਪੂਰਵੀ ਏਸ਼ੀਆਈ)
- ਵੱਧੀ ਹੋਈ ਉਮਰ

ਜੇਕਰ ਤੁਹਾਡੇ ‘ਤੇ ਖਤਰਾ ਜ਼ਆਿਦਾ ਹੈ ਤਾਂ ਹੋਰ ਨੁਕਸਾਨ ਤੋਂ ਬਚਣ ਲਈ IOP ਨੂੰ ਘਟਾਉਣ ਲਈ ਇਲਾਜ ਦੀ ਸਫਿਾਰਸ਼ਿ ਕੀਤੀ ਜਾਂਦੀ ਹੈ।

## ਗਲੌਕੋਮਾ ਦਾ ਨਦਿਾਨ ਕਵਿੇਂ ਹੁੰਦਾ ਹੈ?

ਜਵਿੇਂ ਕ ਿਗਲੌਕੋਮਾ ਦੇ ਕੋਈ ਧਆਿਨ ਵਚਿ ਆਉਣ ਵਾਲੇ ਲੱਛਣ ਨਹੀਂ ਹਨ, ਇਸ ਲਈ ਬਨਿਾ ਨਯਿਮਤਿ ਅਤੇ ਸੰਪੂਰਨ ਜਾਂਚ ਦੇ ਇਸਦਾ ਪਤਾ ਲੱਗਣਾ ਮੁਸ਼ਕਲਿ ਹੈ। ਹੋਣ ਵਾਲੇ ਬਦਲਾਵਾਂ ਨੂੰ ਦੇਖਣ ਲਈ ਲਗਾਤਾਰ ਨਗਿਰਾਨੀ ਦੀ ਲੋੜ ਹੈ। ਗਲੌਕੋਮਾ ਦੇ ਪੈਦਾ ਹੋਣ ਦੌਰਾਨ, ਤੁਹਾਡੇ ਹੇਠਾਂ ਦਤਿੇ ਪਰੀਖਣ ਕੀਤੇ ਜਾ ਸਕਦੇ ਹੈ:

- ਅੱਖ ਦੇ ਦਬਾਅ ਦਾ ਪਰੀਖਣ ਕਰਨ ਲਈ ਟੋਨੋਮੈਟਰੀ
- ਅੱਖ ਦੇ ਨਕਿਾਸ ਦੇ ਕੋਣਾਂ ਨੂੰ ਨਰਿਧਾਰਤਿ ਕਰਨ ਲਈ ਗੋਨੀਓਸਕੋਪੀ
- ਅੱਖ ਦੀ ਨਸ ਦੇ ਦਖਿਾਵੇ ਨੂੰ ਜਾਂਚਣ ਲਈ ਔਪਥਲਮੋਸਕੋਪੀ
- ਘੇਰੇ ਦੀ ਨਜ਼ਰ ਦਾ ਮੁਲਾਂਕਣ ਕਰਨ ਲਈ ਵਜ਼ਿੂਅਲ ਫੀਲਡ ਟੈਸਟ
- ਰੈਟੀਨਾ ਅਤੇ ਅੱਖ ਦੀ ਨਸ ਦੀ ਮੋਟਾਈ ਮਾਪਣ ਲਈ ਔਪਟੀਕਲ ਕੌਹੀਅਰੰਸ ਟੋਮੋਗ੍ਰਾਫੀ (OCT)





## ਗਲੌਕੋਮਾ ਦਾ ਇਲਾਜ ਕਵਿੇਂ ਹੁੰਦਾ ਹੈ?

ਗਲੌਕੋਮਾ ਇੱਕ ਲਾਇਲਾਜ ਬਮਿਾਰੀ ਹੈ। ਜੱਦਕ ਿਇਸਦਾ ਕੋਈ ਪੱਕਾ ਇਲਾਜ ਨਹੀਂ ਹੈ, ਪਰ ਅਕਸਰ ਇਸ ਨੂੰ ਚੰਗੇ ਪ੍ਰਬੰਧਨ ਨਾਲ ਕਾਬੂ ਕੀਤਾ ਜਾ ਸਕਦਾ ਹੈ।

ਗਲੌਕੋਮਾ ਦੇ ਇਲਾਜ ਦਾ ਉਦੇਸ਼ ਅੱਖ ਦੇ ਦਬਾਅ ਨੂੰ ਘਟਾ ਕੇ "**ਟੀਚੇ ਦੇ ਦਬਾਅ**" ਤੱਕ ਲੈਕੇ ਆਉਣਾ ਹੈ। ਇਹ ਦਬਾਅ ਦਾ ਪੱਧਰ ਉਹ ਹੈ ਜਸਿ 'ਤੇ ਨਸਾਂ ਦੇ ਹੋਰ ਅੱਗੇ ਨੁਕਸਾਨ ਹੋਣ ਦੀ ਸੰਭਾਵਨਾ ਕਾਫੀ ਘੱਟ ਹੁੰਦੀ ਹੈ। ਟੀਚੇ ਦਾ ਇਹ ਦਬਾਅ ਹਰੇਕ ਵਅਿਕਤੀ ਲਈ ਵੱਖਰਾ ਹੁੰਦਾ ਹੈ। ਤੁਹਾਡੇ ਇਲਾਜ ਦੀ ਪ੍ਰਕਰਿਆਿ ਦੌਰਾਨ ਤੁਹਾਡੇ ਟੀਚੇ ਦੇ ਦਬਾਅ ਵਿੱਚ ਬਦਲਾਅ ਹੋ ਸਕਦਾ ਹੈ।

### ਦਵਾਈਆਂ

ਜਦੋਂ ਨਜ਼ਰ ਦੇ ਨਾਸ ਦਾ ਖਤਰਾ ਕਾਫੀ ਜ਼ਆਿਦਾ ਹੁੰਦਾ ਹੈ ਅਤੇ ਇਸ ਵਿੱਚ ਦਖ਼ਲ ਦੇਣਾ ਉਚਤਿ ਹੁੰਦਾ ਹੈ ਉਦੋਂ ਤੁਹਾਨੂੰ ਅੱਖ ਦੇ ਦਬਾਅ ਨੂੰ ਘਟਾਉਣ ਲਈ ਦਵਾਈ ਦੀ ਤਜਵੀਜ਼ ਕੀਤੀ ਜਾ ਸਕਦੀ ਹੈ।

ਇਲਾਜ ਵਿੱਚ ਅੱਖ ਵਿੱਚ ਪਾਉਣ ਵਾਲੀਆਂ ਬੂੰਦਾਂ ਅਤੇ ਗਲੌਕੋਮਾ ਦੇ ਇਲਾਜ ਲਈ ਉਪਲਬਧ ਕਈ ਹੋਰ ਤਰ੍ਹਾਂ ਦੀ ਦਵਾਈਆਂ ਸ਼ਾਮਲ ਹਨ। ਇਹ ਦਵਾਈਆਂ ਅੱਖ ਦੇ ਦਬਾਅ ਨੂੰ ਘਟਾਉਣ ਲਈ ਅੱਖ ਦੇ ਤਰਲ ਦੇ ਬਣਨ ਨੂੰ ਘਟਾ ਕੇ ਜਾਂ ਅੱਖਾਂ ਵਿੱਚੋਂ ਤਰਲ ਦੇ ਬਾਹਰ ਨਕਿਲਣ ਨੂੰ ਵਧਾ ਕੇ ਜਾਂ ਦੋਵੇਂ ਤਰ੍ਹਾਂ ਨਾਲ ਕੰਮ ਕਰਦੀਆਂ ਹਨ।

### ਲੇਜ਼ਰ ਨਾਲ ਇਲਾਜ

ਲੇਜ਼ਰ ਦੇ ਇਲਾਜ ਦੀ ਵਰਤੋਂ ਅੱਖ ਵਿੱਚੋਂ ਤਰਲ ਨੂੰ ਬਾਹਰ ਕੱਢਣ ਨੂੰ ਵਧਾਉਣ ਲਈ ਵੀ ਕੀਤੀ ਜਾ ਸਕਦੀ ਹੈ। ਇਸ ਵਿੱਚ ਸ਼ਾਮਲ ਹਨ:

- **ਸਲਿੈਕਟਵਿ ਲੇਜ਼ਰ ਟ੍ਰੈਬੇਕੁਲੋਪਲਾਸਟੀ (SLT):** ਇਹ ਇੱਕ ਲੇਜ਼ਰ ਪ੍ਰਕਰਿਆਿ ਹੈ ਜੋ ਅੱਖ ਅੰਦਲਰਲੇ ਨਕਿਾਸ ਛੇਕ ਖੋਲ੍ਹਣ ਅਤੇ ਤਰਲ ਨੂੰ ਸਹੀ ਢੰਗ ਨਾਲ ਕੱਢਣ ਲਈ ਕੀਤੀ ਜਾਂਦੀ ਹੈ। ਇਸ ਨਾਲ ਅੱਖ ਦਾ ਦਬਾਅ ਘੱਟ ਸਕਦਾ ਹੈ ਅਤੇ ਨਸਾਂ ਦੀ ਖਰਾਬੀ ਅਤੇ ਨਜ਼ਰ ਦੇ ਨਾਸ ਨੂੰ ਰੋਕਣ ਵਿੱਚ ਮਦਦ ਮਲਿਦੀ ਹੈ।

- **ਲੇਜ਼ਰ ਪੈਰੀਫਰਿਲ ਇਰਡਿੋਟੋਮੀ:** ਇੱਕ ਲੇਜ਼ਰ ਦੀ ਵਰਤੋਂ ਨਾਲ ਆਈਰਸਿ (ਪੁਤਲੀ, ਅੱਖ ਦਾ ਰੰਗਦਾਰ ਭਾਗ)ਵਿੱਚ ਰਾਹ ਬਣਾਇਆ ਜਾਂਦਾ ਹੈ ਤਾਂਕ ਿਤਰਲ ਅੱਖ ਦੇ ਕੋਨੇ ਵਿੱਚ ਆਸਾਨੀ ਨਾਲ ਦਾਖਲ ਹੋ ਸਕੇ। ਇਸਦੀ ਵਰਤੋਂ ਤੰਗ ਕੋਨੇ ਵਾਲੇ ਜਾਂ ਕੋਨੇ ਬੰਦ ਹੋਣ ਦੀ ਸੰਭਾਵਨਾ ਵਾਲੇ ਮਰੀਜ਼ਾਂ ਲਈ ਕੀਤੀ ਜਾਂਦੀ ਹੈ। ਇੱਕ ਖਾਸ ਕਾਂਟੈਕਟ ਲੈਂਸ ਤੁਹਾਡੀ ਅੱਖ ਵਿੱਚ ਪਾਇਆ ਜਾਂਦਾ ਹੈ ਜਸਿ ਦੀ ਮਦਦ ਨਾਲ ਲੇਜ਼ਰ ਦੀ ਉੱਚ ਊਰਜਾ ਵਾਲੀ ਰੋਸ਼ਨੀ ਦੀ ਕਰਿਣ ਸੱਿਧੀ ਪੁਤਲੀ ਉੱਤੇ ਪੈਂਦੀ ਹੈ। ਇਹ ਲੇਜ਼ਰ ਪੁਤਲੀ ਵਿੱਚ ਇੱਕ ਜਾਂ ਦੋ ਛੇਕ ਕਰਦੀ ਹੈ।

### ਸਰਜਰੀ

ਅਜਹਿੀਆਂ ਅੱਖਾਂ ਜਸਿ ਵਿੱਚ ਦਵਾਈ ਦੀਆਂ ਬੂੰਦਾਂ ਜਾਂ ਲੇਜ਼ਰ, ਗਲੌਕੋਮਾ ਨੂੰ ਵੱਧਣ ਤੋਂ ਰੋਕਣ ਵਿੱਚ ਅਸਫ਼ਲ ਰਹਿੰਦੀ ਹੈ, ਉੱਥੇ ਅੱਖ ਵਿੱਚੋਂ ਪਾਣੀ ਵਰਗੇ ਤਰਲ ਨੂੰ ਬਾਹਰ ਕੱਢਣ ਲਈ ਨਵਾਂ ਰਾਸਤਾ ਬਣਾਉਣ ਲਈ ਸਰਜਰੀ ਦੀ ਸਫਿਾਰਸ਼ਿ ਕੀਤੀ ਜਾ ਸਕਦੀ ਹੈ। ਇਸ ਸਰਜੀਕਲ ਪ੍ਰਕਰਿਆਿ ਵਿੱਚ ਸ਼ਾਮਲ ਹੈ:

- **ਟ੍ਰੈਬੇਕੁਲੇਕਟੋਮੀ:** ਇਸ ਪ੍ਰਕਰਿਆਿ ਵਿੱਚ ਅੱਖ ਦੇ ਆਲੇ-ਦੁਆਲੇ ਦੇ ਤੰਤੂਆਂ (ਕੰਨਜਕਟਵਿਾ) ਵਿੱਚ ਨਯਿੰਤ੍ਰਤਿ ਰਸਿਾਵ ਕਰਨ ਲਈ ਅੱਖ ਦੀ ਦੀਵਾਰ ਵਿੱਚ ਇੱਕ ਪਰਦਾ ਜਹਿਾ ਬਣਾਇਆ ਜਾਂਦਾ ਹੈ।

- **ਸੈਂਟਨ:** ਅੱਖ ਦੇ ਪਛਿੇ ਨਕਿਾਸ ਲਈ ਇੱਕ ਸੰਗ੍ਰਹਿ ਲਗਾਇਆ ਅਤੇ ਫਰਿ ਇਸ ਨੂੰ ਕੋਨੇ ਦੇ ਨਕਿਾਸ ਢਾਂਚੇ ਨਾਲ ਇੱਕ ਨਲੀ ਨਾਲ ਜੋੜਆਿ ਜਾਂਦਾ ਹੈ, ਇਹ ਨਲੀ ਅੱਖਾਂ ਦੀ ਦੀਵਾਰਾਂ ਵਿੱਚ ਦਬਾ ਦੱਿਤੀ ਜਾਂਦੀ ਹੈ। ਤਰਲ ਫਰਿ ਲਗਾਏ ਗਏ ਸੰਗ੍ਰਹਿ ਵਿੱਚ ਨਕਿਲਦਾ ਹੈ, ਜੱਿਥੇ ਓਹ ਸੋਖ ਲਆਿ ਜਾਂਦਾ ਹੈ।

- **ਮਨਿੀਮਲੀ ਇਨਵੇਸਵਿ ਗਲੌਕੋਮਾ ਸਰਜਰੀ (MIG):** ਇਸ ਪ੍ਰਕਰਿਆਿ ਵਿੱਚ ਰੁਕਾਵਟ ਨੂੰ ਬਾਹਰ ਕੱਢਣ ਅਤੇ ਤਰਲ ਦੇ ਇੱਕਦਮ ਨਕਿਲਣ ਲਈ ਕੋਨੇ ਦੇ ਨਕਿਾਸ ਦੇ ਅੰਗ ਵਿੱਚ ਨੱਿਕੇ ਜਹਿੇ ਉਪਕਰਨ ਪਾਏ ਜਾਂਦੇ ਹਨ। ਬਜ਼ਾਰ ਵਿੱਚ ਕਈ ਸਾਰੇ ਅਜਹਿੇ ਉਪਕਰਨ ਉਪਲਬਧ ਹਨ ਅਤੇ ਛੇਤੀ ਹੀ ਭਵੱਿਖ ਵਿੱਚ ਹੋਰ ਵੀ ਨਵੇਂ ਆਉਣ ਦੀ ਉਮੀਦ ਹੈ।



## Canadian Ophthalmological Society ਬਾਰੇ

Canadian Ophthalmological Society (COS) ਕੈਨੇਡਾ ਦੀ ਇੱਕ ਅੱਖਾਂ ਅਤੇ ਨਜ਼ਰ ਦੀ ਸੰਭਾਲ ਦੀ ਰਾਸ਼ਟਰੀ, ਮਾਨਤਾ ਪ੍ਰਾਪਤ ਅਧਿਕਾਰਤ ਸੰਸਥਾ ਹੈ, ਅੱਖਾਂ ਦੇ ਡਾਕਟਰ ਅਤੇ ਸਰਜਨ ਦੇ ਤੌਰ ‘ਤੇ, ਅਸੀਂ ਸਾਰੇ ਕੈਨੇਡਾ ਵਾਸੀਆਂ ਨੂੰ ਅੱਖਾਂ ਦੀ ਸਰਵੋਤਮ ਮੈਡੀਕਲ ਅਤੇ ਸਰਜੀਕਲ ਦੇਖਭਾਲ ਪ੍ਰਦਾਨ ਕਰਨ ਲਈ ਸਮਰਪਿਤ ਹਾਂ।

Canadian Ophthalmological Society | Société canadienne d’ophtalmologie
EYE PHYSICIANS AND SURGEONS OF CANADA | MÉDECINS ET CHIRURGIENS OPHTALMOLOGISTES DU CANADA

## See The Possibilities

ਇਹ ਕੈਨੇਡਾ ਦੀ ਜਨਤਾ ਲਈ, ਨਜ਼ਰ ਦੀ ਸਿਹਤ, ਅੱਖ ਦੀਆਂ ਗੰਭੀਰ ਬਿਮਾਰੀਆਂ, ਅਤੇ ਹਰੇਕ ਲਈ ਅੱਖਾਂ ਦੀ ਸਿਹਤ ਨੂੰ ਬਿਹਤਰ ਬਣਾਉਣ ਲਈ COS ਕੀ ਕਰ ਰਹੀ ਹੈ, ਬਾਰੇ ਜਾਣਕਾਰੀ ਦਾ ਇੱਕ ਸਰੋਤ ਹੈ।




See The Possibilities

www.seethepossibilities.ca
seethepossibilitiesca
seethepossibilitiesca

© 2021 Canadian Ophthalmological Society
110-2733 Lancaster Road, Ottawa ON K1B 0A9
www.cos-sco.ca